# ਹਰਿ ਕੇ ਨਾਮ ਕੇ ਵਾਪਾਰੀ

## ਪਉੜੀ ॥

ਇਹ 'ਬਿਲਾਵਲ ਕੀ ਵਾਰ ਮਹਲਾ ੪' ਦੀ ੭ਵੀਂ ਪਉੜੀ ਹੈ। ਇਸ ਵਾਰ ਵਿਚਲੇ ਸਲੋਕ, ਪਹਿਲੇ ਅਤੇ ਤੀਜੇ ਪਾਤਸ਼ਾਹ ਦੇ ਹਨ। ਪਉੜੀਆਂ ਦੀ ਗਿਣਤੀ ੧੩ ਹੈ, ਜੋ ਵਾਰ ਦੇ ਸਿਰਲੇਖ ਅਨੁਸਾਰ 'ਮਹਲਾ ੪', ਭਾਵ, ਸ੍ਰੀ ਗੁਰੂ ਰਾਮਦਾਸ ਸਾਹਿਬ ਦੀਆਂ ਉਚਾਰਣ ਕੀਤੀਆਂ ਹੋਈਆਂ ਹਨ। ਇਹ ਸਤਵੀਂ ਪਉੜੀ ੮੫੨ ਪੰਨੇ ਤੇ ਸੁਭਾਇਮਾਨ ਹੈ।

## ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ॥

**ਅਰਥ :** ਜਿਸ ਮਨੁਖ ਨੂੰ ਹਰੀ ਪ੍ਰਭੂ ਆਪਣੀ, ਸਦਾ ਥਿਰ ਰਹਿਣ ਵਾਲੀ ਭਗਤੀ, ਆਪਣਾ ਸਿਮਰਨ, ਆਪਣੇ ਨਾਮ ਦੀ ਦਾਤ ਬਖ਼ਸ਼ ਦਿੰਦਾ ਹੈ ਉਹੀ ਅਸਲ ਬਾਦਸ਼ਾਹ ਜਾਂ ਸ਼ਾਹੂਕਾਰ ਹੈ, ਕਿਉਂਕਿ ਤਿਨਾਂ ਲੋਕਾਂ ਦਾ ਅਸਲੀ ਧਨ ਉਸ ਕੋਲ ਹੈ। ਨਾਮ ਧਨ ਹੀ ਅਸਲ ਧਨ ਹੈ ਜੋ ਐਥੇ, ਉਥੇ, ਸਾਰੇ ਲੋਕਾਂ ਵਿਚ ਨਾਲ ਰਹਿਣ ਵਾਲਾ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਵੀ ਅਜਿਹੇ ਹੀ ਬਚਨ ਹਨ ਕਿ ਜੋ ਸਖ਼ਸ਼ ਵਾਹਗੁਰੂ ਦੇ ਨਾਮ ਰੰਗ ਵਿਚ ਭਿਜਿਆ ਹੋਇਆ ਹੈ ਉਹ ਹੀ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ ਕਿਉਂਕਿ ਉਸ ਦੇ ਕਰ ਕੇ ਹੀ, ਕਿਸੇ ਵੀ ਜੀਵ ਦਾ ਉਧਾਰ ਸੰਭਵ ਹੈ - 'ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥', ਪੰਨਾ ੭੦੭. ਬਚਨ ਫ਼ੁਰਮਾਉਂਦੇ ਹਨ ਕਿ ਭਗਤਾਂ ਨੂੰ ਹਰੀ ਪ੍ਰਭੂ, ਮਾਲਕ ਤੋਂ ਮਿਲਿਆ ਛੱਤਰ, ਸ਼ਾਮਿਆਨਾ, ਸ਼ਾਹੀ ਠਾਠ ਸਭ ਤੋਂ ਵਡਾ ਹੈ, ਉਨ੍ਹਾਂ ਨੂੰ ਪਾਤਸ਼ਾਹੀ, Sovereignty ਮਿਲੀ ਹੋਈ ਹੈ, ਜੋ ਹੋਰ ਕਿਸੇ ਨੂੰ ਨਹੀਂ ਮਿਲੀ। ਉਹ ਸਦਾ ਆਪਣੇ ਰੱਬੀ ਗਿਆਨ ਦੇ ਰੰਗ ਵਿਚ ਮਸਤ ਰਹਿੰਦੇ ਹਨ - 'ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ॥ ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥', ਪੰਨਾ ੭੧੧. ਹੋਰ ਫ਼ੁਰਮਾਣ ਕਰਦੇ ਹਨ ਕਿ ਜਿਸ ਮਨੁਖ ਦੇ ਪੱਲੇ ਹਰੀ ਦਾ ਨਾਮ ਧਨ ਹੈ, ਉਹੀ ਅਸਲ ਸਚਾ ਰਾਜਾ ਹੈ, ਕਿਉਂਕਿ ਉਹੀ, ਕਿਸੇ ਨੂੰ ਵੀ ਇਹ ਧਨ ਦੇ ਕੀ ਅਮੀਰ ਬਣਾ ਸਕਦਾ ਹੈ - 'ਜਾ ਕੈ ਹਰਿ ਧਨੁ ਸੋ ਸਚ ਸਾਹੁ॥', ਪੰਨਾ ੧੮੬. ਹੋਰ ਬਚਨ ਹਨ - 'ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥', ਪੰਨਾ ੧੧੫੫. ਭਗਤ ਰਵਿਦਾਸ ਜੀ ਨੇ ਤਾਂ ਸਪੱਸ਼ਟ ਕਰ ਦਿਤਾ ਕਿ ਭਗਤ ਦੀ ਬਰਾਬਰੀ ਪੰਡਿਤ/ਵਿਦਵਾਨ, ਸੂਰਮਾ ਅਤੇ ਚਕਰਵਰਤੀ ਰਾਜਾ ਵਿਚੋਂ ਕੋਈ ਨਹੀਂ ਕਰ ਸਕਦਾ, ਭਗਤ ਹੀ ਸਭ ਤੋਂ ਵਡਾ ਹੈ - 'ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥', ਪੰਨਾ ੮੫੮.

ਈਰਾਨ ਵਿਚ ਜਨਮੇ **ਜਰਤੁਸਤੀ** (ਪਾਰਸੀ) **ਧਰਮ** ਦੇ, ੨੧ ਲਫ਼ਜ਼ਾਂ ਦੇ '**ਅਹੂਨਾ ਵੈਰਯ ਮੰਤਰ**', ਜੋ ਉਨ੍ਹਾਂ ਦਾ ਮੂਲਮੰਤਰ ਕਿਹਾ ਜਾ ਸਕਦਾ ਹੈ, ਵਿਚ ਸਪਸ਼ਟ ਅੰਕਤ ਹੈ ਕਿ 'ਜਿਵੇਂ ਇਕ ਰਾਜਾ ਧਰਤੀ ਤੇ ਸ਼ਕਤੀਸ਼ਾਲੀ ਹੁੰਦਾ ਹੈ, ਇਸੇ ਤਰ੍ਹਾਂ, ਇਕ ਰਿਸ਼ੀ, ਭਗਤ ਹਰ ਥਾਂ ਉਤੇ 'ਆਸ਼ਾ', ਰੱਬੀ ਹੁਕਮ, Righteousness ਤੇ ਚਲਣ ਕਰ ਕੇ ਸ਼ਕਤੀਸ਼ਾਲੀ ਹੁੰਦਾ ਹੈ' - '**ਯਾਥਾ ਅਹੂ ਵੈਰਿਓ॥ ਆਥਾ ਰਤੁਸ਼ ਅਸ਼ਾਤ-ਚਿਤ ਹਾਚਾ॥**' ਇਹ ਧਰਮ, ਪੁਰਾਤਨ ਕਾਲ ਦੌਰਾਨ, ਹਿੰਦੁਸਤਾਨ ਦੇ ਵੈਦਿਕ ਧਰਮ ਦੇ ਸਮਾਨਾਂਤਰ ਹੋਂਦ ਵਿਚ ਆਇਆ ਸੀ।

## ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ॥

**ਅਰਥ :** ਸਾਰਾ ਜਗਤ, ਭਗਤ ਦਾ ਮੁਥਾਜ ਹੈ। ਭਗਤ ਤੋਂ ਇਲਾਵਾ ਹੋਰ ਕੋਈ ਦਾਤਾ ਨਹੀਂ। ਹੋਰ ਕਿਸੇ ਕੋਲ ਕਿਸੇ ਨੂੰ ਦੇਣ ਜੋਗਾ ਕੁਝ ਨਹੀਂ, ਨਾ ਕੋਈ ਹੱਟੀ (ਦੁਕਾਨ) ਹੈ ਨਾ ਕਿਸੇ ਕੋਲ ਪੂੰਜੀ ਹੈ ਨਾ ਹੀ ਕੋਈ ਨਾਮ ਧਨ ਦਾ ਵਪਾਰ ਕਰ ਸਕਦਾ ਹੈ, ਕਿਉਂਕਿ ਇਹ ਧਨ ਕਿਸੇ

ਕੋਲ ਹੈ ਹੀ ਨਹੀਂ। ਇਹ ਸਿਰਫ਼ ਭਗਤਾਂ ਪਾਸੋਂ ਹੀ ਮਿਲ ਸਕਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈਕਿ ਸੰਤ ਜਨਾਂ ਤੋਂ ਬਿਨਾਂ, ਦੂਜਾ ਕੋਈ ਦਾਤਾ ਹੀ ਨਹੀਂ। ਜੋ ਜਨ ਸਾਧੂ ਜਨਾਂ ਦੀ ਸ਼ਰਣ ਪੈਂਦੇ ਹਨ ਉਹ ਭਵਸਾਗਰ ਤੋਂ ਪਾਰ ਹੋ ਜਾਂਦੇ ਹਨ - 'ਸੰਤਨ ਬਿਨੁ ਅਵਰੁ ਨ ਦਾਤਾ ਬੀਆ॥ ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ॥', ਪੰਨਾ ੬੧੦. ਭਗਤਾਂ ਕੋਲ ਇਤਨਾ ਅਪਾਰ ਖ਼ਜ਼ਾਨਾ ਹੁੰਦਾ ਹੈ ਕਿ ਖਾਂਦਿਆਂ, ਖਰਚਦਿਆਂ, ਅਨੰਦ ਮਾਣਦਿਆਂ, ਹੋਰਨਾਂ ਨੂੰ ਵੰਡਦਿਆਂ, ਉਨ੍ਹਾਂ ਨੂੰ ਕਦੇ ਤੋਟ ਨਹੀਂ ਆਂਦੀ, ਕਮੀ ਨਹੀਂ ਪੈਂਦੀ - 'ਕਛੂ ਨ ਥੋਰਾ ਹਰਿ ਭਗਤਨ ਕਉ॥ ਖਾਤ ਖਰਚਤ ਬਿਲਛਤ ਦੇਵਨ ਕਉ॥', ਪੰਨਾ ੩੯੦. ਪਾਤਸ਼ਾਹ ਦੇ ਬਚਨ ਹਨ, ਵਾਹਿਗੁਰੂ ਦੇ ਨਾਮ ਦੀ ਪੂੰਜੀ ਸਿਰਫ਼ ਸੰਤ ਜਨਾਂ ਕੋਲ ਹੋਣ ਕਰ ਕੇ ਮੇਰਾ ਵਰਤਣ ਵਿਹਾਰ, ਲੈਣ, ਦੇਣ ਸਿਰਫ਼ ਭਗਤ ਜਨਾਂ ਨਾਲ ਹੀ ਹੈ। ਉਨ੍ਹਾਂ ਤੋਂ ਹੀ ਮੈਂ ਨਾਮ ਦਾ ਲਾਹਾ ਖਟਿਆ ਹੈ, ਕਿਉਂਕਿ ਭਗਤੀ ਦਾ ਭੰਡਾਰ ਸਿਰਫ਼ ਉਨ੍ਹਾਂ ਕੋਲ ਹੀ ਹੁੰਦਾ ਹੈ - 'ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ॥ ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ॥', ਪੰਨਾ ੬੧੪.

**ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ॥**

**ਅਰਥ :** ਜੋ ਮਨੁਖ ਪ੍ਰਭੂ ਦੇ ਭਗਤ ਜਨਾਂ ਦੇ ਸਨਮੁਖ ਰਹਿੰਦਾ ਹੈ, ਉਨ੍ਹਾਂ ਦੇ ਹੁਕਮ ਵਿਚ ਜੀਵਨ ਬਸਰ ਕਰਦਾ ਹੈ, ਉਨ੍ਹਾਂ ਨੂੰ ਨਾਮ ਦੀ ਰਾਸ-ਪੂੰਜੀ ਮਿਲ ਜਾਂਦੀ ਹੈ। ਪਰ ਜੋ ਭਗਤ ਜਨਾਂ ਤੋਂ ਬੇਮੁਖ ਹੋ ਜਾਂਦੇ ਹਨ, ਆਪਣਾ ਮੂੰਹ ਮੋੜ ਲੈਂਦੇ ਹਨ, ਉਨ੍ਹਾਂ ਦੇ ਸਿਰ ਤੇ ਭੱਸ, ਸੁਆਹ ਹੀ ਪੈਂਦੀ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਪ੍ਰਭੂ ਦਾ ਭਗਤ, ਪ੍ਰਭੂ ਦੀ ਕਿਰਪਾ ਨਾਲ ਬਣਦਾ ਹੈ ਅਤੇ ਜਗਤ ਦੇ ਹਰ ਪ੍ਰਾਣੀ ਨੂੰ ਭਵਸਾਗਰ ਤੋਂ ਤਰਨ ਲਈ, ਪ੍ਰਭੂ ਦੇ ਭਗਤ ਦੇ ਮੁਖੜੇ ਦੇ ਦਰਸ਼ਨ ਕਰਨੇ ਲੁੜੀਂਦੇ ਹਨ, mandatory ਹਨ - 'ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥', ਪੰਨਾ ੫੫੦. ਭਗਤ ਕਬੀਰ ਜੀ ਨੇ ਉਨ੍ਹਾਂ ਦਾ ਹਸ਼ਰ ਦਸਿਆ ਹੈ, ਜਿਹੜੇ ਭਗਤ ਜਨਾਂ ਦੇ ਆਖੇ ਵਿਚ ਨਹੀਂ ਚਲਦੇ, ਕਿ ਉਹ ਆਪਣਾ ਕੀਤਾ ਪਾਂਦੇ ਹਨ, ਚੁਰਾਸੀ ਦੇ ਗੇੜ ਵਿਚ ਪੈ ਜਾਂਦੇ ਹਨ - 'ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈ ਹੈ॥ ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ॥ ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ॥', ਪੰਨਾ ੫੨੪. ਭਾਵ, ਜੋ ਭਗਤ ਜਨਾਂ ਦੇ ਆਖੇ ਨਹੀਂ ਲਗਦੇ ਉਨ੍ਹਾਂ ਦਾ ਬਲਦਾਂ ਦੀ ਜੂਨ ਵਾਂਙ ਨਕ ਵਿੰਨ੍ਹਿਆਂ ਜਾਏਗਾ, ਭਾਰ ਨਾਲ ਮੋਢੇ ਟੁਟੇ ਹੋਣਗੇ, ਕੋਧਰੇ ਦਾ ਘਾਹ ਹੀ ਖਾਣ ਨੂੰ ਮਸਾਂ ਮਿਲੇਗਾ, ਜਾਂ ਫ਼ਿਰ ਸਾਰਾ ਦਿਨ ਜੰਗਲ ਵਿਚ ਭਟਕਦਿਆਂ ਭਟਕਦਿਆਂ ਪੇਟ ਭਰ ਭੋਜਨ ਵੀ ਨਹੀਂ ਮਿਲੇਗਾ। ਭਾਵ, ਚੁਰਾਸੀ ਲਖ ਜੂਨਾਂ ਵਿਚ ਭਟਕਣ ਦੇ ਸਾਰੇ ਦੁਖ ਭੋਗਣੇ ਪੈਣਗੇ। ਇਸੇ ਲਈ ਪੰਚਮ ਪਾਤਸ਼ਾਹ ਬਚਨ ਕਰਦੇ ਹਨ ਕਿ ਸੰਤਾਂ ਭਗਤਾਂ ਦੇ ਸੇਵਕਾਂ ਵੀ ਦੇ ਚਰਨਾਂ ਨਾਲ ਜੁੜਨਾਂ ਉਤਮ ਹੈ, ਭਾਵੇਂ ਇਹ ਕਰਨ ਲਈ ਜੇ ਮਾਇਆਧਾਰੀਆਂ, ਰਾਜਿਆਂ ਨੂੰ ਵੀ ਤਿਆਗਣਾ ਪਏ ਤਾਂ ਬਿਹਤਰ ਹੈ, ਕਿਉਂਕਿ ਭਗਤਾਂ ਦੇ ਰੁਖੇ ਦਾਣੇ ਚਬਣ ਵਿਚ ਸਭ ਖ਼ਜ਼ਾਨੇ ਪਏ ਹਨ, ਸਾਕਤਾਂ ਦੇ ਛਤੀਹ ਪ੍ਰਕਾਰ ਦੇ ਭੋਜਨਾਂ ਤੋਂ ਉਤਮ ਹਨ, ਸੰਤਾਂ ਦਾ ਫ਼ਟਿਆ ਪੁਰਾਣਾ ਬਸਤਰ ਮਿਲ ਜਾਏ ਤਾਂ ਲੋਕ ਪਰਲੋਕ ਨੰਗੇ ਨਹੀਂ ਹੋਣਾ ਪੈਂਦਾ, ਹਰੀ ਦੇ ਭਗਤ ਜਨ ਦੀ ਸੇਵਾ ਨਾਲ ਲੋਕ-ਪਰਲੋਕ ਜਮਾਂ ਤੋਂ ਖਹਿੜਾ ਛੁਟ ਜਾਂਦਾ ਹੈ - 'ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥ ਮਾਇਆਧਾਰੀ ਛਤ੍ਰਪਤਿ ਤਿਨ੍ਹ ਛੋਡਉ ਤਿਆਗਿ॥ ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥ ਭਗਤ ਜਨਾ ਕਾ ਲੂਗਰਾ ਓਢਿ

ਨਗਨ ਨ ਹੋਈ॥...ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥', ਪੰਨਾ ੮੧੧. ਹਰੀ ਦੇ ਭਗਤ ਜਨ, ਜਨਮ ਮਰਨ ਦੇ ਗੇੜ ਦੇ ਬੰਧਨ ਵਿਚ ਨਹੀਂ ਹੁੰਦੇ, ਉਹ ਪਰਉਪਕਾਰੀ ਹੁੰਦੇ ਹਨ ਅਤੇ ਨਾਮ ਦਾਨ ਬਖ਼ਸ਼ ਕੇ ਹਰੀ ਨਾਲ ਮਿਲਾਪ ਕਰਾਉਣ ਲਈ ਆਉਂਦੇ ਹਨ - 'ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥', ਪੰਨਾ ੭੪੯.

**ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ॥**

**ਅਰਥ :** ਹਰੀ ਪ੍ਰਭੂ ਦੇ ਭਗਤ ਹੀ ਵਾਹਗੁਰੂ ਦੇ ਨਾਮ ਦੇ ਵਪਾਰੀ ਹਨ। ਨਾਮ ਦਾ ਸੌਦਾ ਭਗਤਾਂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਮਸੂਲ, ਟੈਕਸ ਲੈਣ ਵਾਲਾ ਜਮਦੂਤ ਵੀ ਉਨ੍ਹਾਂ ਦੇ ਨੇੜੇ ਨਹੀਂ ਜਾ ਸਕਦਾ।

ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਵਡੇ ਵਣਜਾਰੇ ਪ੍ਰਭੂ ਦੇ ਕਈ ਸੰਤ ਵਪਾਰੀ ਹਨ ਜੋ ਪ੍ਰਭੂ ਤੋਂ ਨਾਮ ਦਾ ਸੌਦਾ ਲੈ ਕੇ ਅਗੋਂ ਵੰਡਦੇ ਹਨ - 'ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ॥', ਪੰਨਾ ੩੯੯. ਪ੍ਰਭੂ ਅਤੇ ਉਸ ਤੋਂ ਨਾਮ ਦਾ ਸੌਦਾ ਪ੍ਰਾਪਤ ਕੀਤੇ ਵਣਜਾਰੇ, ਭਾਵ ਹਰੀ ਪ੍ਰਭੂ ਅਤੇ ਹਰੀ ਦੇ ਭਗਤ, ਇਕੋ ਰੂਪ ਹੁੰਦੇ ਹਨ। ਇਹ ਸਭ ਸਹਜ ਦੀ ਅਵਸਥਾ ਅਤੇ ਪਰਮ ਸੁਖ ਦੀਆਂ ਹੱਟੀਆਂ ਹੁੰਦੇ ਹਨ, ਜਿਥੋਂ ਨਾਮ ਦਾ ਸੌਦਾ ਪ੍ਰਾਪਤ ਕਰ ਕੇ ਸੁਖ ਅਤੇ ਸਹਜ ਦੀ ਅਵਸਥਾ ਬਣ ਜਾਂਦੀ ਹੈ - 'ਸਾਂਤਿ ਸਹਜ ਸੁਖ ਕੇ ਸਭਿ ਹਾਟਿ॥ ਸਾਹ ਵਾਪਾਰੀ ਏਕੈ ਥਾਟ॥', ਪੰਨਾ ੪੩੦.

**ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ॥੭॥**

**ਅਰਥ :** ਚੌਥੇ ਨਾਨਕ ਆਪਣੇ ਆਪ ਨੂੰ ਪ੍ਰਭੂ ਦਾ ਜਨ ਦਸਦੇ ਹੋਏ ਦਸਦੇ ਹਨ ਕਿ ਉਨ੍ਹਾਂ ਨੇ ਹਰੀ ਪ੍ਰਭੂ ਦੇ ਨਾਮ ਦਾ ਧਨ ਲਦ ਲਿਆ ਹੈ, ਜਿਸ ਕਰ ਕੇ ਉਹ ਸਦਾ ਦੁਨੀਆਂ ਤੋਂ ਬੇਪਰਵਾਹ ਰਹਿੰਦੇ ਹਨ।੭।

ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਸੰਤ ਜਨ ਸਦਾ ਬੇਪਰਵਾਹ ਹੋ ਕੇ ਹਰੀ ਪ੍ਰਭੂ ਦੇ ਨਾਮ ਰੰਗ ਵਿਚ ਰਹਿੰਦੇ ਹਨ, ਉਨ੍ਹਾਂ ਦੀ ਮਦਦ ਤਾਂ ਮਾਲਕ ਵਾਹਗੁਰੂ ਆਪ ਕਰਦਾ ਹੈ, ਇਸ ਲਈ ਸੰਤ ਜਨ ਹੋਰ ਕਿਸੇ ਨੂੰ ਕੁਝ ਨਹੀਂ ਜਾਣਦੇ - 'ਸੰਤਨ ਅਵਰ ਨ ਕਾਹੂ ਜਾਨੀ॥ ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥', ਪੰਨਾ ੭੧੧. ਹੋਰ ਬਚਨ ਹਨ ਕਿ ਗੁਰੂ ਨਾਲ ਮਿਲ ਕੇ ਪ੍ਰਭੂ ਦਾ ਨਾਮ ਜਪ ਲਿਆ ਹੈ ਇਸ ਲਈ ਸੁਖਾਂ ਦੇ ਸਾਗਰ ਪ੍ਰਭੂ ਨੂੰ ਪਾ ਲੈਣ ਤੋਂ ਬਾਅਦ ਹੁਣ ਕਾਹਦੀ ਪਰਵਾਹ ਰਹਿ ਗਈ ! - 'ਗੁਰ ਮਿਲਿ ਐਸੇ ਪ੍ਰਭੂ ਧਿਆਇਆ॥..ਕਹੁ ਨਾਨਕ ਕਾਹੂ ਪਰਵਾਹਾ ਜਉ ਸੁਖ ਸਾਗਰੁ ਮੈ ਪਾਇਆ॥', ਪੰਨਾ ੧੨੧੨.